بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 24.04.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 24 ਅਪ੍ਰੈਲ ਸਨ 2015 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਲੋੜ ਇਸ ਗੱਲ ਦੀ ਹੈ ਕਿ ਅਸੀਂ ਪੂਰਨ ਰੂਪ ਵਿੱਚ ਆਪਣੇ ਆਪ ਨੂੰ ਰੱਬ ਅੱਗੇ ਪਾ ਦੇਈਏ । ਉਸ ਦੇ ਦਰ ਉਪੱਰ ਆਪਣੇ ਆਪ ਨੂੰ ਵਿਲੀਨ ਕਰ ਦੇਈਏ ਤਾਂ ਆਪਣੇ ਆਪ ਹੀ ਸਭ ਕੁਝ ਹਾਸਲ ਹੋ ਜਾਵੇ ਗਾ । ਜੋ ਤਰੱਕੀ ਸਾਡੇ ਲਈ ਲੋੜੀਂਦੀ ਹੈ ਆਪ ਹੀ ਸਾਨੂੰ ਮਿਲ ਜਾਏਗੀ । ਸਾਨੂੰ ਜਤਨ ਕਰਨਾ ਚਾਹੀਦਾ ਹੈ ਕਿ ਰੱਬ ਨੂੰ ਪ੍ਰਾਪਤ ਕਰੀਏ । ਰੱਬ ਦੇ ਭੇਜੇ ਹੋਏ ਧਰਮ ਦੀ ਵਾਸਤਵਿਕਤਾ ਨੂੰ ਸਮਝੀਏ ।

ਤਸ਼ਹੁੱਦ, ਤਊਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਇਕ ਪ੍ਰਸ਼ਨ ਅੱਜ ਕੱਲ ਬਹੁਤ ਫੈਲਾਇਆ ਜਾਂਦਾ ਹੈ ਜੋ ਧਰਮ ਦੇ ਖ਼ਿਲਾਫ਼ ਹੈ । ਪ੍ਰਸ਼ਨ ਇਹ ਹੈ ਕਿ ਜੇਕਰ ਚੰਗੇ ਆਚਰਨ ਹੋਣ ਜਾਂ ਜੇਕਰ ਸੰਸਾਰਕ ਸਿੱਖਿਆ ਚੰਗੇ ਆਚਰਣਾ ਵੱਲ ਲੈ ਜਾਂਦੀ ਹੈ ਤਾਂ ਫਿਰ ਧਰਮ ਨੂੰ ਮੰਨ੍ਹਣ ਦੀ ਕੀ ਲੋੜ ਹੈ? ਧਰਮ ਵੀ ਤਾਂ ਇਹੋ ਦਾਵਾ ਕਰਦਾ ਹੈ ਕਿ ਉਹ ਤੁਹਾਨੂੰ ਚੰਗੇ ਆਚਰਨ ਸਿਖਾਉਂਦਾ ਹੈ ਜਾਂ ਧਰਮ ਦੇ ਮੰਨ੍ਹਣ ਵਾਲੇ ਇਹ ਕਹਿੰਦੇ ਹਨ । ਆਚਰਨ ਤਾਂ ਸਾਡੇ ਅੰਦਰ ਬਿਨਾ ਧਰਮ ਦੇ ਵੀ ਪੈਦਾ ਹੋ ਗਏ । ਸਗੋਂ ਇਹ ਵੀ ਕਿਹਾ ਜਾਂਦਾ ਹੈ ਕਿ ਦੁਨੀਆਦਾਰਾਂ ਦੀ ਬਹੁਗਿਣਤੀ ਦੇ ਆਚਰਨ ਧਰਮ ਦੇ ਮੰਨ੍ਹਣ ਵਾਲਿਆਂ ਦੇ ਆਚਰਨ ਤੋਂ ਚੰਗੇ ਹਨ ਅਤੇ ਵਿਸ਼ੇਸ਼ ਤੌਰ'ਤੇ ਇਸਲਾਮ ਨੂੰ ਇਸ ਵਿਸ਼ੇ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ । ਹੋਰਨਾ ਧਰਮਾਂ ਦੀ ਬਹੁਗਿਣਤੀ ਤਾਂ ਧਰਮ ਦੇ ਮਾਮਲੇ ਵਿੱਚ ਲਗਭਗ ਸੰਬੰਧ ਛੱਡ ਚੁੱਕੀ ਹੈ ਕੇਵਲ ਇਸਲਾਮ ਹੀ ਅਜਿਹਾ ਧਰਮ ਹੈ ਜਿਸ ਵੱਲ ਮਨ੍ਹੀ ਜਾਣ ਵਾਲੀ ਬਹੁਗਿਣਤੀ ਆਪਣੇ ਧਰਮ ਨੂੰ ਮੰਨ੍ਹਣ ਦਾ ਪ੍ਰਗਟਾ ਕਰਦੀ ਹੈ ਜਾਂ ਅਮਲ ਨ ਕਰਨ ਵਾਲੇ ਮੁਸਲਮਾਨਾਂ ਦੀ ਬਹੁਗਿਣਤੀ ਵੀ ਆਪਣੇ ਆਪ ਨੂੰ ਖੁੱਲ ਕੇ ਮੁਸਮਲਾਨ ਕਹਿੰਦੀ ਹੈ, ਆਪਣੇ ਆਪ ਨੂੰ ਧਰਮ ਵੱਲ ਮਨਸੂਬ ਕਰਦੀ ਹੈ । ਇਸ ਲਈ ਅਸਲ ਹਮਲਾ ਇਸਲਾਮ ਉਪੱਰ ਹੀ ਹੈ । ਅਤੇ ਧਰਮ ਤੋਂ ਹਟਾਉਣ ਦੇ ਜਤਨਾਂ ਵਿਚ ਵੱਖ ਵੱਖ ਢੰਗਾ ਨਾਲ ਵੱਖ ਵੱਖ ਨੁਕਤੇ ਛੱਡ ਕੇ ਸਾਡੇ ਬੱਚਿਆਂ ਅਤੇ ਨੌਜੁਆਨਾਂ ਦੀ ਸੋਚ ਨੂੰ ਵਿਸ਼ ਨਾਲ ਭਰਕੇ ਖਰਾਬ ਕਰਨ ਦੇ ਜਤਨ ਕੀਤੇ ਜਾਂਦੇ ਹਨ ਵਿਸ਼ੇਸ਼ ਤੌਰ'ਤੇ ਪਛੱਮੀ ਦੇਸ਼ਾਂ ਵਿੱਚ ਜੋ ਵਿਦਿਅਕ ਢੰਗ ਹੈ ਉਸ ਵਿੱਚ ਖੋਜਬੀਨੀ ਤੇ ਕਾਢ ਵੱਲ ਬਹੁਤਾ ਧਿਆਨ ਦੁਆਇਆ ਜਾਂਦਾ ਹੈ, ਇਹ ਬਹੁਤ ਚੰਗੀ ਗੱਲ ਹੈ ਇਸ ਵੱਲ ਧਿਆਨ ਹੋਣਾ ਚਾਹੀਦਾ ਹੈ, ਪਰ ਇਸ ਦੇ ਉਚਿਤ ਢੰਗ ਵੀ ਹੋਣੇ ਚਾਹੀਦੇ ਹਨ । ਬਹਿਰਹਾਲ ਜੱਦ ਨੌਜੁਆਨ ਜਾਂ ਨੌਜੁਆਨੀ ਵਿੱਚ ਪੈਰ੍ਹ ਰਖੱਣ ਵਾਲੇ ਮੁੰਡੇ ਕੁੜੀਆਂ ਆਪਣੇ ਘਰ ਵਾਲਿਆਂ ਵਿੱਚ ਆਪਣੇ ਮਾਂਪਿਆਂ ਅਤੇ ਵੱਡਿਆਂ ਵੱਲ ਵੱਖ ਵੱਖ ਪ੍ਰਸ਼ਨਾਂ ਦੇ ਹਲ ਦੀ ਭਾਲ ਲਈ ਜਾਂਦੇ ਹਨ ਤਾਂ ਉਹਨਾਂ ਦੇ ਪ੍ਰਸ਼ਨਾ ਦਾ ਉਤੱਰ ਦੇਣ ਦੀ ਥਾਂ ਉਹਨਾਂ ਨੂੰ ਕਈ ਵਾਰ

ਦਬਾਉਣ ਦਾ ਜਤਨ ਕੀਤਾ ਜਾਂਦਾ ਹੈ ਜਿਸ ਕਰਕੇ ਨੌਜੁਆਨੀ ਵਿੱਚ ਪੈਰ੍ਹ ਧਰਦੇ ਬੱਚੇ ਵੀ ਸਮਝਦੇ ਹਨ ਕਿ ਧਰਮ ਭਾਵੇਂ ਉਹ ਇਸਲਾਮ ਹੀ ਕਿਉ ਨ ਹੋਵੇ ਉਸ ਦਾ ਦਾਵਾ ਤਾਂ ਹੈ ਕਿ ਉਹ ਸਚੱ ਹੈ ਸਾਰੀਆਂ ਸਮੱਸਿਆਵਾਂ ਦਾ ਹਲ ਹੈ ਪਰ ਜ਼ਮਾਨੇ ਦੇ ਪੱਖੋਂ ਅਮਲੀ ਤੌਰ'ਤੇ ਹਲ ਨਹੀਂ ਹੈ ਜਾਂ ਉੱਤਰ ਨਹੀਂ ਹੈ ਜਾਂ ਫਿਰ ਇਉਂ ਵੀ ਹੁੰਦਾ ਹੈ ਕਿ ਵੱਡਿਆਂ ਦੇ ਕਰਮ ਅਤੇ ਜੋ ਬੱਚਿਆਂ ਨੂੰ ਸਿੱਖਿਆ ਦਿੱਤੀ ਜਾਂਦੀ ਹੈ ਉਸ ਵਿੱਚ ਭਿੰਨਤਾ ਹੈ । ਬੱਚੇ ਇਕ ਸਮੇਂ ਤੱਕ ਤਾਂ ਸਿੱਖਿਆ ਦੀ ਗੱਲ ਸੁਣ ਕੇ ਚੁਪੱ ਰਹਿ ਜਾਂਦੇ ਹਨ ਪਰ ਜੱਦ ਅਜ਼ਾਦੀ ਮਿਲਦੀ ਹੈ ਤਾਂ ਧਰਮ ਤੋਂ ਦੂਰ ਹੱਟ ਜਾਂਦੇ ਹਨ ਅਤੇ ਫਿਰ ਧਰਮ ਤੋਂ ਦੂਰ ਲੈ ਜਾਣ ਵਾਲਿਆਂ ਦੇ ਕਬਜ਼ੇ ਵਿੱਚ ਚਲੇ ਜਾਂਦੇ ਹਨ । ਇਹੋ ਕਾਰਣ ਹੈ ਕਿ ਇਸਲਾਮ ਦੀ ਸੁੰਦਰ ਸਿੱਖਿਆ ਤੇ ਜੀਉਂਦਾ ਧਰਮ ਹੁੰਦਿਆਂ ਹੋਇਆਂ ਵੀ ਮੁਸਲਮਾਨਾਂ ਵਿੱਚ ਵੀ ਅਜਿਹੇ ਲੋਕ ਦਿਖਾਈ ਦਿੰਦੇ ਹਨ, ਜੋ ਧਰਮ ਤੇ ਅਤੇ ਰੱਬ ਦੇ ਇਨਕਾਰੀ ਹਨ ।

ਸੋ ਅਜਿਹੀ ਅਵਸਥਾ ਵਿੱਚ ਸਾਡੇ ਵਿੱਚੋਂ ਹਰ ਇਕ ਨੂੰ ਇਸ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਕਿਵੇਂ ਆਪਣੇ ਆਪ ਨੂੰ ਵੀ ਧਰਮ ਉਪੱਰ ਅਮਲ ਕਰਨ ਵਾਲਾ ਬਣਾਈਏ ਅਤੇ ਆਪਣੀਆਂ ਨਸਲਾਂ ਨੂੰ ਵੀ ਕਿਵੇਂ ਸੰਭਾਲੀਏ । ਇਸ ਜੁੱਗ ਵਿੱਚ ਰੱਬ ਨੇ ਸਾਡੇ ਉਪੱਰ ਇਹ ਉਪਕਾਰ ਕੀਤਾ ਹੈ ਕਿ ਇਹਨਾਂ ਸਮੱਸਿਆਵਾਂ ਦੀਆਂ ਔਕੜਾਂ ਨੂੰ ਦੂਰ ਕਰਨ ਲਈ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਭੇਜਿਆ ਹੈ । ਆਪ ਅਲੈਹਿ ਸਲਾਮ ਨੇ ਇਹਨਾਂ ਨੂੰ ਸਮਝਣ ਦੀ ਸ਼ਕਤੀ ਸਾਡੇ ਵਿੱਚ ਪੈਦਾ ਕੀਤੀ ਹੈ ਅਤੇ ਇਹ ਸਮੱਸਿਆਵਾਂ ਨੂੰ ਸਮਝਣਾ ਅਤੇ ਉਹਨਾਂ ਦਾ ਹਲ ਕਢੱਣਾ ਸਾਡੇ ਲਈ ਸੌਖੇ ਹੋਏ । ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਨੇ ਇਕ ਵਾਰ ਇਸੇ ਵਿਸ਼ੇ ਦੇ ਚਾਨ੍ਹਣੇ ਵਿੱਚ ਇਕ ਖ਼ੁਤਬਾ ਦਿੱਤਾ ਅਤੇ ਉਸ ਵਿੱਚ ਚਰਚਾ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਆਚਰਣ ਦਾ ਸੁਧਾਰ ਤੇ ਭੌਤਕ ਤਰੱਕੀ ਤੇ ਧਰਮ ਦਾ ਕੀ ਸੰਬੰਧ ਹੈ ਅਤੇ ਇਸਲਾਮ ਇਸ ਨੂੰ ਕਿਵੇਂ ਦੇਖਦਾ ਹੈ ? ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਕਿਵੇਂ ਆਪਣੇ ਅਮਲਾਂ ਰਾਹੀਂ ਅਤੇ ਆਪਣੇ ਅਮਲੀ ਨਮੂਨੇ ਰਾਹੀਂ ਸਾਨੂੰ ਸਮਝਾਇਆ ਕਿ ਇਸ ਦੀ ਵਾਸਤਵਿਕਤਾ ਕੀ ਹੈ ? ਇਸ ਗੱਲ ਨੂੰ ਸਾਹਮਣੇ ਰੱਖਦੇ ਹੋਏ ਕਿ ਇਸਲਾਮ ਦੀਨੇ ਫ਼ਿਤਰਤ (ਮਨੁੱਖੀ ਸਭਾਉ ਅਨੁਸਾਰ) ਧਰਮ ਹੈ ਹਜ਼ਰਤ ਮੁਸਲਿਹ ਮਊਦ ਰਜ਼ੀ ਅਨਹੁ ਫ਼ਰਮਾਉਂਦੇ ਹਨ ਕਿ ਧਰਮ ਅਤੇ ਆਚਰਣ ਅਤੇ ਮਨੁੱਖ ਦੀਆਂ ਉਹ ਲੋੜਾਂ ਜੋ ਉਸ ਦੇ ਸ਼ਰੀਰ ਨਾਲ ਸੰਬੰਧ ਰੱਖਦੀਆਂ ਹਨ ਅਜਿਹੀਆਂ ਸਾਂਝੀਆਂ ਹਨ ਕਿ ਇਹਨਾਂ ਵਿੱਚ ਅੰਤਰ ਕਰਨਾ ਔਖਾ ਹੈ ਅਰਥਾਤ ਜੋ ਮਨੁੱਖ ਧਰਮ'ਤੇ ਵਿਸ਼ਵਾਸ ਰੱਖਦਾ ਹੈ ਉਹ ਆਚਰਣ ਨੂੰ ਧਰਮ ਤੋਂ ਅੱਡ ਨਹੀਂ ਕਰ ਸਕਦਾ, ਨ ਉਹ ਇਹ ਕਹਿ ਸਕਦਾ ਕਿ ਧਰਮ ਨੇ ਮੈਂਨੂੰ ਦੁਨੀਆ ਤੋਂ ਬੇਪਰਵਾਹ ਤੇ ਮਾਲਾਮਾਲ ਕਰ ਦਿੱਤਾ, ਇਸ ਲਈ ਇਹ ਮੇਰੀ ਲੋੜ ਨਹੀਂ ਹਨ । ਜੇਕਰ ਇਹ ਸੋਚ ਹੋਵੇ ਕਿ ਮੈਂਨੂੰ ਹੁਣ ਕਿਸੇ ਚੀਜ਼ ਦੀ ਲੋੜ ਨਹੀਂ ਹੈ ਤਾਂ ਮਨੱਸ਼ਖੀ ਤਰੱਕੀ ਅਰਥਾਤ ਭੌਤਕ ਤਰੱਕੀ ਦਾ ਪਹੀਆ (ਚਕੱਰ) ਰੁੱਕ ਜਾਂਦਾ ਹੈ । ਭਾਵ ਇਹ ਕਿ ਇਹ ਸਭ ਆਪੇ ਵਿੱਚ ਰਲੀਆਂ ਹੋਈਆਂ ਚੀਜਾਂ ਹਨ । ਧਰਮ ਵੀ, ਆਚਰਣ ਵੀ ਅਤੇ ਭੌਤਕ ਤਰੱਕੀ ਵੀ, ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਇਨ੍ਹਾਂ ਵਿੱਚ ਅੰਤਰ ਵੀ ਹੈ । ਧਰਮ ਉਪੱਰ ਵਿਸ਼ਵਾਸ ਰੱਖਣ ਵਾਲੇ ਤਾਂ ਇਹ ਕਹਿ ਕੇ ਅਜ਼ਾਦ ਹੋਣ ਦਾ ਜਤਨ ਕਰਦੇ ਹਨ ਕਿ ਚੰਗੇ ਆਚਰਣ ਅਤੇ ਭੌਤਕ ਤਰੱਕੀ ਮਨੁੱਖ ਦੀ ਲੋੜ ਹੈ, ਪਰ ਇਕ ਹਕੀਕੀ ਮੁਸਲਮਾਨ ਕਹੇਗਾ ਕਿ ਧਰਮ ਦੀ ਵੀ ਲੋੜ ਹੈ ਕਿ ਉਹ ਰੱਬ ਤੱਕ ਪਹੁੰਚਾਉਣ ਦਾ ਮਾਰਗ ਦਿਖਾਉਂਦਾ ਹੈ ।

ਸੋ, ਇਹ ਸੋਚ ਦਾ ਅੰਤਰ ਹੈ ਕਿ ਅਸੀਂ ਇਹਨਾਂ ਚੀਜਾਂ ਨੂੰ ਕਿਵੇਂ ਦੇਖਣਾ ਹੈ ਅਤੇ ਇਹਨਾਂ ਦਾ ਆਪੇ ਵਿੱਚ ਸੰਬੰਧ ਕਿਵੇਂ ਜੋੜਨਾ ਹੈ । ਬਾਕੀ ਧਰਮ ਤਾਂ ਮੁਰਦਾ ਹੋ ਰਹੇ ਹਨ । ਇਸਲਾਮ ਹੀ ਇਕ ਅਜਿਹਾ ਧਰਮ ਹੈ ਜੋ ਇਹਨਾਂ ਦਾ ਆਪਸੀ ਜੋੜ ਸਾਬਤ ਕਰਦਾ ਹੈ, ਪਰ ਮੁਸਲਮਨਾਂ ਦੀ ਬਹੁ ਗਿਣਤੀ ਨੇ ਧਰਮ ਦੀ ਹਕੀਕਤ ਨੂੰ ਨ ਸਮਝਦੇ ਹੋਏ ਗ਼ਲਤ ਤਰੀਕਿਆਂ ਵਿੱਚ ਆਚਰਣਾ ਨਾਲ ਸੰਬੰਧ ਰੱਖਣ ਵਾਲੀਆਂ ਚੀਜਾਂ ਅਤੇ ਭੌਤਕਤਾ ਨਾਲ ਸੰਬੰਧ ਰੱਖਣ ਵਾਲੀਆਂ ਚੀਜਾਂ ਨੂੰ ਇਸ ਪ੍ਰਕਾਰ ਜੋੜਿਆ ਹੈ ਕਿ ਅਤਿ ਸੀਮਾ ਤੱਕ ਪਹੁੰਚ ਕੇ ਧਰਮ ਨੂੰ ਸੁੰਦਰ ਬਣਾ ਕੇ ਪੇਸ਼ ਕਰਨ ਅਤੇ ਉਸ ਵੱਲ ਖਿੱਚੇ ਆਉਣ ਦੀ ਥਾਂ ਧਰਮ ਤੋਂ ਦੂਰ ਕਰਨ ਵਾਲੇ ਬਣ ਰਹੇ ਹਨ ਅਤੇ ਫਿਰ ਇਹੋ ਕਾਰਣ ਹੈ ਕਿ ਵੱਖ ਵੱਖ ਕਟੱੜਵਾਦੀ ਦਲ ਆਪਣੇ ਇਸਲਾਮ ਨੂੰ ਲਾਗੂ ਕਰਨ ਲਈ ਆਪਣੇ ਆਚਰਣਕ ਅਧਿਕਾਰ ਜਾਂ ਨਾਂ ਨਿਹਾਦ ਕਾਨੂਨ ਬਣਾ ਕੇ ਮਾਰ ਧਾੜ ਕਰ ਰਹੇ ਹਨ । ਸ਼ਾਮ

(ਸੀਰੀਆ) ਵਿੱਚ, ਇਰਾਕ ਵਿੱਚ, ਅਫ਼ਗ਼ਾਨਿਸਤਾਨ ਵਿੱਚ ਅਤੇ ਪਾਕਿਸਤਾਨ ਵਿੱਚ ਧਰਮ ਦੇ ਨਾਂ'ਤੇ ਆਪਣੇ ਬਣਾਏ ਹੋਏ ਕਾਨੂਨ ਹੀ ਖ਼ੂਨ ਕਰ ਰਹੇ ਹਨ । ਯਮਨ ਵਿੱਚ ਜੋ ਕੁਝ ਹੋ ਰਿਹਾ ਹੈ ਉਹ ਇਸੇ ਕਾਰਣ ਹੈ । ਆਪਣੀ ਪਸੰਦ ਦੇ ਫ਼ਤਵਿਆਂ ਨੂੰ ਧਰਮ ਦਾ ਨਾਂ ਦੇਕੇ ਨਿਰਦੋਸ਼ਾਂ ਉਪੱਰ ਹਵਾਈ ਹਮਲੇ ਕੀਤੇ ਜਾ ਰਹੇ ਹਨ । ਇਸ ਪ੍ਰਕਾਰ ਇਸਲਾਮ ਵਿੱਚ ਅਰਥਾਤ ਹਕੀਕੀ ਇਸਲਾਮ ਵਿੱਚ ਉਹਨਾਂ ਲੋਕਾਂ ਦੇ ਇਸਲਾਮ ਵਿੱਚ ਜਿਸ ਉਪੱਰ ਉਹ ਅਮਲ ਕਰ ਰਹੇ ਹਨ ਕੋਈ ਹਕੀਕਤ ਬਾਕੀ ਨਹੀਂ ਰਹੀ ਅਤੇ ਇਸੇ ਸਬਬ ਉਹਨਾਂ ਦੇ ਇਹਨਾਂ ਮੌਲਵੀਆਂ ਤੇ ਫ਼ਤਵਾ ਦੇਣ ਵਾਲਿਆਂ ਦੇ ਪਿੱਛੇ ਚਲ ਕੇ ਅਧਿਕਤਰ ਮੁਨਲਮਾਨ ਵੀ ਇਸਲਾਮ ਤੋਂ ਦੂਰ ਜਾ ਪਏ ਹਨ । ਧਰਮ ਦੇ ਨਾਂ'ਤੇ ਜੇਕਰ ਉਹਨਾਂ ਲੋਕਾਂ ਨੂੰ ਕੋਈ ਲਾਭ ਪਹੁੰਚ ਸਕਦਾ ਹੈ ਤਾਂ ਉਹ ਕੇਵਲ ਐਨ੍ਹਾ ਹੈ ਕਿ ਕੁਝ ਹੱਦ ਤੱਕ ਆਚਰਨਕ ਬਿਹਤਰੀ ਉਹਨਾਂ ਵਿੱਚ ਹੋ ਜਾਂਦੀ ਹੈ ਕਿ ਉਹਨਾਂ ਨੂੰ ਧਰਮ ਦਾ ਖ਼ੌਫ਼ ਹੈ । ਜੇਕਰ ਸਹੀ ਧਰਮ ਅਪਣਾਇਆ ਜਾਵੇ, ਪਰ ਜਿੰਨ੍ਹਾ ਵਿੱਚ ਪਹਿਲਾਂ ਹੀ ਆਚਰਣ ਹਨ ਉਹਨਾਂ ਦਾ ਕਹਿਣਾ ਹੈ ਕਿ ਜਿੰਨ੍ਹਾ ਵਿੱਚ ਪਹਿਲਾਂ ਹੀ ਆਚਣਣ ਹਨ ਉਹਨਾਂ ਨੂੰ ਧਰਮ ਦੀ ਕੀ ਲੋੜ ਹੈ, ਪਰ ਗ਼ੌਰ ਕਰਨ ਨਾਲ ਮਲੂਮ ਹੋਵੇਗਾ ਕਿ ਭੌਤਕਤਾ ਆਚਰਣ ਤੇ ਧਰਮ ਐਨ੍ਹੇ ਨੇੜੇ ਹਨ ਕਿ ਸਧਾਰਣ ਮਨੁੱਖ ਨੂੰ ਮਲੂਮ ਨਹੀਂ ਹੁੰਦਾ ਕਿ ਕਿੱਥੋਂ ਇਕ ਸੀਮਾ ਅਰੰਭ ਹੁੰਦੀ ਹੈ ਅਤੇ ਕਿੱਥੇ ਖ਼ਤਮ ਹੁੰਦੀ ਹੈ ।

ਇਸ ਨੂੰ ਸਮਝਣ ਲਈ ਅਸੀਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਪਵਿੱਤਰ ਜੀਵਨ ਉਪੱਰ ਗ਼ੌਰ ਕਰਦੇ ਹਾਂ, ਉਸ ਨੂੰ ਦੇਖਦੇ ਹਾਂ । ਆਪ ਸਲਲੱਾਹੁ ਅਲੈਹਿ ਵਸਲਅਮ ਦੁਨੀਆਂ ਦੇ ਭੌਤਕ ਸੁਧਾਰਕ ਵੀ ਹਨ, ਆਚਰਣਕ ਸੁਧਾਰਕ ਵੀ ਅਤੇ ਰੂਹਾਨੀ ਸੁਧਾਰਕ ਵੀ ਹਨ । ਆਪ ਸਲਲੱਾਹੁ ਅਲੈਹਿ ਵਸਲਅਮ ਦਾ ਪਵਿੱਤਰ ਜੀਵਨ ਪੂਰਨ ਸਮੂਹ ਹੈ । ਜੇਕਰ ਆਪ ਇਕ ਪਾਸੇ ਆਦੇਸ਼ ਦਿੰਦੇ ਹਨ ਕਿ (الدعاء مخ العبادة) ਅੱਦੁਆਓ ਮੁਖ਼ਲਇਬਾਦਾਤਿ ਤਾਂ ਦੂਜੇ ਪਾਸੇ ਆਤਮਕਤਾ ਦੀ ਪੂਰਨਤਾ ਲਈ ਵੀ ਜ਼ੋਰ ਦਿੰਦੇ ਹਨ । ਦੁਆ ਵਿੱਚ ਹਜ਼ਤ ਮੁਸਲਿਹ ਮਉਦ ਅਨੁਸਾਰ ਤਿੰਨ ਚੀਜਾਂ ਦਾ ਹੋਣਾ ਜਰੂਰੀ ਹੈ ਪਹਿਲਾ ਇਹ ਕਿ ਮਨ ਵਿੱਚ ਵਿਸ਼ਵਾਸ ਕਰੇ ਕਿ ਮੇਰੀ ਗੱਲ ਕਬੂਲ ਹੋ ਜਾਏਗੀ ਦੂਜਾ ਭਰੋਸਾ ਰੱਖੇ ਕਿ ਜਿਸ ਨੂੰ ਮੈਂ ਪੁਕਾਰਦਾ ਹਾਂ ਉਸ ਵਿੱਚ ਮਦਦ ਕਰਨ ਦੀ ਤਾਕਤ ਹੈ । ਤੀਜੀ ਗੱਲ ਸੁਭਾਵਕ ਲਗਾਉ, ਸੁਭਾਵਕ ਪ੍ਰੇਮ ਹੈ ਜੋ ਹਰ ਦੂਜੀ ਚੀਜ਼ ਵੱਲੋਂ ਅੱਖਾਂ ਬੰਦ ਕਰਕੇ ਕੇਵਲ ਮਹਿਬੂਬ ਵੱਲ ਲੈ ਜਾਂਦੀ ਹੈ । ਇਸ ਬਾਰੇ ਬੱਚੇ ਤੇ ਮਾਂ ਦੀ ਉਧਾਰਣ ਹੈ ਜਿਵੇਂ ਕਿ ਪਹਿਲਾਂ ਵੀ ਦਿੱਤੀ ਗਈ । ਬੱਚੇ ਦਾ ਮਾਂ ਨਾਲ ਸੁਭਾਵਕ ਲਗਾਉ ਹੈ ਛੁੱਟ ਇਸ ਦੇ ਕਿ ਮਾਂ ਬੱਚੇ ਦੀ ਮਦਦ ਕਰ ਸਕੇ ਜਾਂ ਨ ਕਰ ਸਕੇ ਉਹ ਉਸ ਨੂੰ ਹੀ ਪੁਕਾਰਦਾ ਹੈ । ਇੱਥੋਂ ਤੱਕ ਕਿ ਸਮੁੰਦਰ ਵਿੱਚ ਡੁਬੱਣ ਵਾਲਾ ਬੱਚਾ ਜਿਸ ਨੂੰ ਪਤਾ ਹੋਵੇ ਕਿ ਮੇਰੀ ਮਾਂ ਨੂੰ ਤੈਰਨਾ ਨਹੀਂ ਆਉਂਦਾ ਫਿਰ ਵੀ ਜੇਕਰ ਮਾਂ ਉਸ ਦੇ ਨੇੜੇ ਹੋਵੇਗੀ ਤਾਂ ਉਹ ਮਾਂ ਨੂੰ ਹੀ ਮਦਦ ਲਈ ਪੁਕਾਰੇ ਗਾ ਕਿਸੇ ਦੂਜੇ ਨੂੰ ਅਵਾਜ਼ ਨਹੀਂ ਦੇਵੇਗਾ । ਇਹ ਭਾਵਨਾਤਕਮ ਸੰਬੰਧ ਹੈ । ਇਸ ਬਾਰੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਫ਼ਰਮਾਇਆ (الدعاء مخ العبادة) "ਅੱਦੁਆਉ ਮਖ਼ਲ ਇਬਾਦਾਤਿ" ਅਰਥਾਤ ਬਿਨਾ ਦੁਆ ਦੇ ਮਨੁੱਖ ਦੇ ਈਮਾਨ ਨੂੰ ਪੂਰਨ ਨਹੀਂ ਕੀਤਾ ਜਾ ਸਕਦਾ । ਸੋ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਬੰਦੇ ਅਤੇ ਰੱਬ ਵਿੱਚ ਸੰਬੰਧ ਨੂੰ ਬੱਚੇ ਤੇ ਮਾਂ ਦਾ ਸੰਬੰਧ ਕਰਾਰ ਦਿੱਤਾ ਕਿ ਅੱਖਾਂ ਬੰਦ ਕਰਕੇ ਉਸ ਵੱਲ ਦੌੜੋ ਉਸ ਵੱਲ ਆ ਜਾਓ । ਫਿਰ ਦੂਜੀ ਚੀਜ ਆਚਰਣ ਹੈ ਜਿਸ ਵਿੱਚ ਅਸੀਂ ਦੇਖਦੇ ਹਾਂ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲਹਿ ਵਸਲਅਮ ਦੇ ਜੀਵਨ ਵਿੱਚ ਅਜਿਹੇ ਬਾਰੀਕ ਸੂਖਮ ਆਚਰਣਕ ਪਹਿਲੂ ਹਨ ਕਿ ਸੂਖਮ ਨਿਗਾਹ ਨਾਲ ਦੇਖਣ ਵਾਲਾ ਵੀ ਨਹੀਂ ਦੇਖ ਸਕਦਾ । ਉਹਨਾਂ ਤੱਕ ਨਹੀਂ ਜਾ ਸਕਦਾ ਜੱਦ ਤੱਕ ਆਪ ਦਾ ਮਾਰਗ ਦਰਸ਼ਨ ਨ ਹੋਵੇ ।

ਆਪ ਸਲਲੱਾਹੁ ਅਲੈਹਿ ਵਸਲਅਮ ਦੇ ਜੀਵਨ ਚਰਿੱਤਰ ਦਾ ਅਧਿਐਨ ਕਰੀਏ ਤਾਂ ਪਤਾ ਲਗਦਾ ਹੈ ਕਿ ਆਚਰਣ ਦੇ ਵੱਡੇ ਵੱਡੇ ਮਾਮਲਿਆਂ ਵਿੱਚ ਵੀ ਆਪ ਨੇ ਅਜਿਹੀ ਸਿੱਖਿਆ ਦਿੱਤੀ ਹੈ ਅਤੇ ਅਜਿਹਾ ਨਮੂਨਾ ਦਿਖਾਇਆ ਹੈ ਕਿ ਦੇਖਣ ਨਾਲ ਲਗਦਾ ਹੈ ਕਿ ਆਪ ਸਾਰੀ ਉਮਰ ਆਚਰਣ ਦੇ ਦਾਰਸ਼ਨਿਕਤਾ ਦਾ ਹੀ ਅਧਿਐਨ ਕਰਦੇ ਰਹੇ ਅਤੇ ਇਸ ਦਾ ਪਾਠ ਦਿੰਦੇ ਰਹੇ

। ਮਨੁੱਖ ਜਾਤੀ ਦੇ ਆਪਸੀ ਸੰਬੰਧ ਰਿਸਤੇਦਾਰਾਂ ਦੇ ਆਪਸੀ ਸੰਬੰਧ ਮਨੁੱਖ ਦੇ ਆਪਣੇ ਵਿਅਕਤੀਗਤ ਕੈਰਕਟਰ ਦਾ ਵਿਸਥਾਰ ਝੂਠ, ਬੇਈਮਾਨੀ ਤੇ ਬਦਗੁਮਾਨੀ ਤੋਂ ਪਰਹੇਜ਼ ਸਾਰੇ ਅਜਿਹੇ ਕਾਰਜ ਹਨ ਜਿੰਨ੍ਹਾ ਵਿੱਚ ਆਪ ਦਾ ਨਮੂਨਾ ਅਤੇ ਸਿੱਖਿਆ ਕਾਮਲ ਤੇ ਸੰਪੂਰਨ ਹੈ ਅਤੇ ਕੋਈ ਮਨੁੱਖ ਵੀਹਾਂ ਜੀਵਨ ਪ੍ਰਾਪਤ ਕਰਕੇ ਵੀ ਅਜਿਹਾ ਨਮੂਨਾ ਨਹੀਂ ਦਿਖਾ ਸਕਦਾ ਜਿਵੇਂ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਸਾਨੂੰ ਦਿਖਾਇਆ ਹੈ । ਫਿਰ ਤੀਜੀ ਚੀਜ ਭੌਤਕਤਾ ਹੈ । ਇਸ ਵਿੱਚ ਅਸੀਂ ਦੇਖਦੇ ਹਾਂ ਤਾਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਦੀ ਸਿੱਖਿਆ ਇਸ ਪਾਸੇ ਵੀ ਸਾਡਾ ਮਾਰਗ ਦਰਸ਼ਨ ਕਰਦੀ ਹੈ । ਉਧਾਰਣ ਲਈ ਇਕ ਸ਼ਹਿਰੀ ਜੀਵਨ ਲਈ ਸੜਕਾਂ ਨੂੰ ਖੁੱਲਾ ਰੱਖਣਾ ਪਾਣੀ ਤੇ ਸਫ਼ਾਈ ਦਾ ਪ੍ਰਬੰਧ ਹੈ, ਸ਼ਹਿਰ ਵਸਾਏ ਜਾਂਦੇ ਹਨ ਜਾਂ ਨਵੀਆਂ ਅਬਾਦੀਆਂ ਸਥਾਪਨ ਕੀਤੀਆਂ ਜਾਂਦੀਆਂ ਹਨ ਤਾਂ ਉਹਨਾਂ ਲਈ ਵੱਡੇ ਵੱਡੇ ਇੰਜੀਨੀਅਰ ਅਤੇ ਸੋਚਣ ਵਾਲੇ ਸੋਚਦੇ ਹਨ ਇਸ ਪਾਸੇ ਧਿਆਨ ਦਿੰਦੇ ਹਨ । ਆਪ ਨੇ ਇਸ ਵੱਲ ਸਾਡਾ ਧਿਆਨ ਦੁਆਇਆ । ਮਾਰਗਾ ਦੀ ਸਫ਼ਾਈ ਦਾ ਸੰਬੰਧ ਹੈ ਆਪ ਨੇ ਇਸ ਵੱਲ ਧਿਆਨ ਦੁਆਇਆ । ਘਰਾਂ ਨੂੰ ਖੁੱਲਾ ਤੇ ਹਵਾਦਾਰ ਬਨਉਣ ਦਾ ਸੰਬੰਧ ਹੈ ਆਪ ਨੇ ਇਸ ਵੱਲ ਧਿਆਨ ਦੁਆਇਆ । ਸਾਰੀਆਂ ਭੌਤਤਕ ਚੀਜਾ ਅਤੇ ਸੰਸਾਰਕ ਚੀਜਾ ਵੱਲ ਵੀ ਆਪ ਨੇ ਧਿਆਨ ਖਿੱਚਿਆ । ਭਾਵੇਂ ਉਹ ਸਰਕਾਰੀ ਪਧੱਰ ਦੇ ਮਾਮਲੇ ਹੋਣ ਜਾਂ ਸਮਾਜਕ ਜਾਂ ਵਪਾਰਕ ਜਾਂ ਉਧਯੋਗਕ ਹਰ ਚੀਜ ਨੂੰ ਆਪਣੇ ਆਪਣੇ ਮੌਕੇ'ਤੇ ਆਪ ਨੇ ਵਰਨਣ ਕੀਤਾ ਅਤੇ ਇਸ ਦੀਆਂ ਵੱਡੀਆਂ ਵਿਆਖਿਆਵਾਂ ਤੇ ਵਿਸਥਾਰ ਸਾਨੂੰ ਉਪਲਭਦ ਹਨ ।

ਦੂਜੇ ਪਾਸੇ ਇਹ ਪਛੱਮੀ ਜਾਂ ਨਾਂ ਨਿਹਾਦ ਤਰੱਕੀ ਜਾਂ ਪ੍ਰਗਤੀ ਪ੍ਰਾਪਤ ਦਲ ਹਨ । ਇਹਨਾਂ ਦੇ ਨੇੜੇ ਨ ਧਰਮ ਉਪੱਰ ਈਮਾਨ ਲਿਆਉਂਣਾ ਜ਼ਰੂਰੀ ਹੈ ਨ ਹੀ ਧਰਮ ਦਾ ਸਨਮਾਨ ਹੈ ਨ ਹੀ ਆਚਰਣ ਦਾ ਅਦਬ ਹੈ । ਉਹ ਹਰ ਚੀਜ ਨੂੰ ਭੌਤਕ ਕਰਾਰ ਦਿੰਦੇ ਹਨ ਇੱਥੋਂ ਤੱਕ ਕਿ ਮੁਸਲਿਹ ਮਊਦ ਲਿਖੱਦੇ ਹਨ ਕਿ ਇਹਨਾਂ ਦੇ ਫ਼ਲਾਸਫ਼ਰਾਂ ਨੇ ਇਸ ਜੁੱਗ ਵਿੱਚ ਕਿਹਾ ਕਿ ਪ੍ਰਸ਼ਨ ਇਹ ਨਹੀਂ ਕਿ ਰੱਬ ਨੇ ਦੁਨੀਆ ਨੂੰ ਕਿਵੇਂ ਪੈਦਾ ਕੀਤਾ ਸਗੋਂ ਪ੍ਰਸ਼ਨ ਇਹ ਹੈ ਕਿ ਮਨੁੱਖ ਨੇ ਰੱਬ ਨੂੰ ਕਿਵੇਂ ਪੈਦਾ ਕੀਤਾ । (ਨਊਜ਼ਬਿਲੱਾਹ) । ਉਹਨਾਂ ਅਨੁਸਾਰ ਰੱਬ ਦਾ ਪ੍ਰਸ਼ਨ ਮਨੁੱਖੀ ਕਾਢ ਦਾ ਸਿੱਟਾ ਹੈ ਅਤੇ ਅੱਜ ਕਲ ਇਸੇ ਵਿਚਾਰ ਕਰਕੇ ਰੱਬ ਇਕ ਆਪ ਘੜੀ ਚੀਜ ਹੈ । ਵਰਤਮਾਨ ਫ਼ਲਾਸਫ਼ਰ ਨਾਸਤਿਕਤਾ ਵੱਲ ਸਗੋਂ ਸਿੱਖਿਆ ਅਤੇ ਖੁੱਲੇ ਵਿਚਾਰਾਂ ਦੇ ਨਾਂ 'ਤੇ ਪਛੱਮੀ ਦੇਸ਼ਾਂ ਵਿੱਚ ਰਹਿਣ ਵਾਲਿਆਂ ਦੀ ਬਹੁ ਗਿਣਤੀ ਰੱਬ ਦੇ ਵੁਜੂਦ ਦੇ ਹੀ ਇਨਕਾਰੀ ਹੋ ਚੁਕੇ ਹਨ ਅਤੇ ਕੇਵਲ ਆਚਰਣਕ ਤੇ ਭੌਤਕ ਤਰੱਕੀ ਨੂੰ ਹੀ ਸਭ ਕੁਝ ਸਮਝਦੇ ਹਨ । ਇਹਨਾਂ ਨਾਸਤਕ ਲੋਕਾਂ ਦੇ ਜੋ ਦ੍ਰਿਸ਼ਟੀਕੋਣ ਹਨ ਉਹਨਾਂ ਨੂੰ ਅੱਜ ਕੱਲ ਦੇ ਮੌਲਵੀ ਹੋਰ ਵੀ ਹਵਾ ਦਿੰਦੇ ਹਨ ਜੋ ਆਪਣੀ ਹਰ ਚੀਜ ਅਤੇ ਆਪਣੇ ਹਰ ਇਕ ਦ੍ਰਿਸ਼ਟੀਕੋਣ ਨੂੰ ਧਰਮ ਦਾ ਹਿਸੱਾ ਠਹਿਰਾਕੇ ਇਹਨਾ ਨੇ ਅਜੀਬ ਜਹਾਲਤ ਫੈਲਾ ਦਿੱਤੀ ਹੈ । ਸੋ, ਇਸ ਪੱਖੋਂ ਅਸੀਂ ਦ੍ਰਿਸ਼ਟੀ ਮਾਰੀਏ ਤਾਂ ਅੱਜ ਕਲ ਦੇ ਮੌਲਵੀ ਵੀ ਗ਼ਲਤੀ ਉਪੱਰ ਹਨ ਅਤੇ ਧਰਮ ਨੂੰ ਭੌਤਿਕਤਾ ਸਮਝਣ ਵਾਲੇ ਅਤੇ ਉਸ ਦਾ ਇਨਕਾਰ ਕਰਨ ਵਾਲੇ ਵੀ ਗ਼ਲਤੀ ਉਪੱਰ ਹਨ । ਅਸੀਂ ਅਹਮਦੀ ਖ਼ੁਸ਼ਕਿਸਮਤ ਹਨ ਕਿ ਸਾਨੂੰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਹਨਾਂ ਚੀਜਾ ਤੋਂ ਬਚਾਕੇ ਅਜਿਹਾ ਮਾਰਗ ਦਰਸ਼ਨ ਕੀਤਾ ਹੈ ਕਿ ਅਸਲ ਹਕੀਕਤ ਜਾਨਣ ਲਈ ਫ਼ਰਮਾਇਆ ਕਿ ਤੁਸੀਂ ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਵੱਲ ਦੇਖੋ । ਆਪ ਨੇ ਇਹ ਹਕੀਕਤ ਵਰਨਣ ਕੀਤੀ ਹੈ ਕਿ ਹਰ ਮਾਮਲੇ ਵਿੱਚ ਨਿਆਂ ਪੂਰਬਕ ਅਤੇ ਉਸ ਦਾ ਹੱਕ ਪੂਰਾ ਕਰਨਾ ਚਾਹੀਦਾ ਹੈ । ਇਹ ਵਾਸਤਵਿਕ ਧਰਮ ਹੈ । ਆਪ ਨੇ ਫ਼ਰਮਾਇਆ ਕਿ ਬੇਸ਼ਕ ਇਬਾਦਤ ਜ਼ਰੂਰੀ ਹੈ, ਇਬਾਦਤ ਜਨਮ ਦਾ ਅਤਿਅੰਤ ਜ਼ਰੂਰੀ ਮੰਤਵ ਹੈ ਪਰ ( ولنفسك عليك حق ولزوجك عليك حق ولجارك عليك حق ) "ਵਾਲਿ ਨਫ਼ਸਾਕਾ ਅਲੈਕਾ ਹੱਕਾ ਵਾਲਿ ਜ਼ੌਜਿਕਾ ਅਲੈਕਾ ਹੱਕਾ ਵਾਲਿ ਜਾਰਿਕਾ ਅਲੈਕਾ ਹੱਕਾ" ਕਿ ਤੇਰੇ ਨਫ਼ਸ ਦਾ ਵੀ ਤੇਰੇ'ਤੇ ਹੱਕ ਹੈ ਤੇਰੀ ਪਤਨੀ ਦਾ ਵੀ ਤੇਰੇ'ਤੇ ਹੱਕ ਹੈ ਅਤੇ ਤੇਰੇ ਗਵਾਂਢੀ ਦਾ ਵੀ ਤੇਰੇ'ਤੇ ਹੱਕ ਹੈ ਅਤੇ ਇਹਨਾਂ ਦੀ ਪ੍ਰਾਪਤੀ ਲਈ ਸਾਨੂੰ ਤਿੰਨ ਪ੍ਰਕਾਰ ਦੇ ਤਰੀਕਿਆਂ ਦੀ ਵਰਤੋਂ ਕਰਨੀ ਜ਼ਰੂਰੀ ਹੈ । ਪਹਿਲੀ ਗੱਲ ਤਾਂ ਦੁਆ ਅਤੇ ਰੱਬ ਵੱਲ ਝੁਕਣਾ ਅਤੇ ਇਬਾਦਤ ਹੈ ਦੂਜਾ ਨਫ਼ਸ ਉਪੱਰ ਕਾਬੂ ਪਾਉਂਣਾ ਭਾਵਨਾਵਾਂ ਨੂੰ ਦਬਾਉਂਣਾ ਤੇ ਮਨੁਖੀ ਵਿਚਾਰਾਂ 'ਤੇ ਗ਼ੌਰ ਕਰਨਾ ਤੀਜਾ ਆਪਣੇ ਕੰਮ ਤੇ ਪੇਸ਼ੇ ਵਿੱਚ

ਈਮਾਨਦਾਰੀ ਨਾਲ ਕੰਮ ਲੈਣਾ ਅਤੇ ਸੰਸਾਰਕ ਤੇ ਵਿਗਿਆਨਕ ਗਿਆਨ ਪ੍ਰਾਪਤ ਕਰਨਾ ਜ਼ਰੂਰੀ ਹੈ । ਮੁਸਲਮਾਨਾਂ ਦੇ ਪਤਨ ਦਾ ਇਹ ਕਾਰਣ ਹੈ ਕਿ ਉਹਨਾਂ ਨੇ ਰੱਬ ਨੂੰ ਰੱਬ ਦੇ ਧਰਮ ਨੂੰ ਪਹਿਲ ਦੇ ਕੇ ਇਹਨਾਂ ਗੱਲਾਂ ਦਾ ਧਿਆਨ ਨਹੀਂ ਰੱਖਿਆ ਜੋ ਮੈਂ ਹੁਣੇ ਹੀ ਵਰਨਣ ਕੀਤੀਆਂ ਹਨ ਸਗੋਂ ਆਪਣੀਆਂ ਨਫ਼ਸਾਨੀ ਭਾਵਨਵਾਂ ਦਾ ਨਾਂ ਧਰਮ ਰੱਖ ਲਿਆ ਜੋ ਅਲੱਾਹ ਨੇ ਧਰਮ ਉਤਾਰਿਆ ਸੀ ਉਸ ਨੂੰ ਮੁਕਦੱਮ (ਪਹਿਲਾ) ਨਹੀਂ ਕੀਤਾ ਸਗੋਂ ਜੇਕਰ ਮੁਕਦੱਮ ਰੱਖਦੇ ਤਾਂ ਬਾਕੀ ਦੀਆਂ ਗੱਲਾਂ ਦਾ ਵੀ ਧਿਆਨ ਰੱਖਦੇ ਪਰ ਆਪਣੇ ਨਫ਼ਸਾਨੀ ਭਾਵਨਵਾਂ ਦਾ ਨਾਂ ਧਰਮ ਰੱਖ ਕੇ ਉਸ'ਤੇ ਅਮਲ ਕਰ ਰਹੇ ਹਨ ਅਤੇ ਉਸ ਦਾ ਸਿੱਟਾ ਇਹ ਹੈ ਕਿ ਦੂਜਿਆਂ ਨੂੰ ਇਸਲਾਮ ਦੀਆਂ ਖ਼ੂਬੀਆਂ ਕੀ ਦਸਣੀਆਂ ਸਨ ਖ਼ੁੱਦ ਆਪਣੇ ਆਪ ਘੜੇ ਨਫ਼ਸਾਨੀ ਧਰਮ ਦੀ ਪੈਰ੍ਹਵੀ ਕਰੀਕੇ ਮੁਸਲਮਾਨ ਮੁਸਲਮਾਨ ਦੀ ਗਰਦਨ ਉਡਾ ਰਿਹਾ ਹੈ । ਨ ਉਹਨਾਂ ਨੂੰ ਧਰਮ ਮਿਲਿਆ ਨ ਦੁਨੀਆ ਮਿਲੀ ਸਿਵਾਏ ਇਸ ਦੇ ਕਿ ਦੁਨੀਆ ਵਾਲਿਆਂ ਸਾਹਮਣੇ ਆਪਣੇ ਹਰ ਮਸਲੇ ਲਈ ਹੱਥ ਫੈਲਾ ਰਹੇ ਹਨ । ਇਹੋ ਅੱਜ ਕੱਲ ਸਾਨੂੰ ਮੁਸਲਮਾਨ ਦੁਨੀਆ ਵਿੱਚ ਦਿਖਾਈ ਦਿੰਦਾ ਹੈ । ਪਛੱਮੀ ਜਾਤੀਆਂ ਨੇ ਭਾਵੇਂ ਧਰਮ ਨੂੰ ਦੁਨੀਆ ਦੀ ਪੈਰ੍ਹੋ ਕਰ ਦਿੱਤਾ, ਉਹਨਾਂ ਵਿਚਾਰ ਹੇਠ ਧਰਮ ਕੋਈ ਚੀਜ ਨਹੀਂ ਹੈ ਦੁਨੀਆ ਹੀ ਹਰ ਚੀਜ ਹੈ ਪਰ ਦੁਨੀਆ ਤਾਂ ਹਾਸਲ ਕਰ ਲਈ ਉਹਨਾਂ ਨੇ । ਬੇਸ਼ਕ ਇਹ ਲੋਕ ਵੀ ਭਟਕੇ ਹੋਏ ਹਨ ਪਰ ਜੋ ਉਦੇਸ਼ ਇਹ ਸਮਝਦੇ ਸਨ ਉਸ ਨੂੰ ਤਾਂ ਪ੍ਰਾਪਤ ਕਰ ਲਿਆ ਭਾਵੇਂ ਗਲਤ ਢੰਗ ਹੀ ਹੈ ਪਰ ਮੁਸਲਮਾਨਾਂ ਨੂੰ ਨ ਦੀਨ ਮਿਲਾ ਨ ਦੁਨੀਆ ।

ਬਹਿਰਹਾਲ ਇਹਨਾਂ ਦੋਹਾਂ ਪ੍ਰਕਾਰ ਦੇ ਲੋਕਾਂ ਦੇ ਸੁਧਾਰ ਲਈ ਇਸ ਜੁੱਗ ਵਿੱਚ ਅਲੱਹ ਤਆਲਾ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਭੇਜਿਆ ਹੈ ਅਤੇ ਰੱਬ ਅਜਿਹੇ ਹਾਲਾਤਾਂ ਵਿੱਚ ਹੀ ਆਪਣੇ ਸੁਧਾਰਕਾਂ ਨੂੰ ਭੇਜਦਾ ਹੈ ਜੋ ਉਚਿਤ ਮਾਰਗ ਦਰਸ਼ਨ ਕਰਕੇ ਧਰਮ ਨੂੰ ਧਰਮ ਦੀ ਥਾਂ ਅਤੇ ਆਚਰਣ ਨੂੰ ਆਚਰਣ ਦੀ ਥਾਂ ਅਤੇ ਦੁਨੀਆ ਨੂੰ ਦੁਨੀਆ ਦੀ ਥਾਂ ਰੱਖਦੇ ਹਨ । ਵੇਖਣ ਨੂੰ ਉਹ ਰੂਹਾਨੀ ਸੰਦੇਸ਼ ਲੈਕੇ ਆਉਂਦੇ ਹਨ ਪਰ ਤਿੰਨਾ ਚੀਜਾਂ ਦਾ ਡੂੰਘਾ ਸੰਬੰਧ ਹੈ ਅਤੇ ਰੂਹਾਨੀਯਤ ਵਿੱਚ ਕਮਾਲ ਰਾਹੀਂ ਆਚਰਣ ਦਾ ਠੀਕ ਹੋਣਾ ਲਾਜ਼ਮੀ ਹੈ ਅਤੇ ਆਚਰਣਾ ਦੀ ਨਿਗਰਾਨੀ ਨਾਲ ਭੌਤਿਕਤਾ ਦੀ ਦਰੁਸਤੀ ਵੀ ਲਾਜ਼ਮੀ ਹੈ, ਪਰ ਇਹ ਨਹੀਂ ਹੋ ਸਕਦਾ ਜਾਂ ਇਹ ਜ਼ਰੂਰੀ ਨਹੀਂ ਹੈ ਕਿ ਜਿਸ ਦੀ ਦੁਨੀਆ ਠੀਕ ਹੋਵੇ ਉਸ ਨੂੰ ਦੁਨੀਆ ਵਿੱਚ ਸਭ ਕੁਝ ਮਿਲ ਜਾਏ ਓਥੇ ਤਰੱਕੀ ਕਰ ਰਿਹਾ ਹੋਵੇ ਉਸ ਦੇ ਆਚਰਣ ਵੀ ਠੀਕ ਹੋਣ ਅਤੇ ਜਿਸ ਦੇ ਆਚਰਣ ਠੀਕ ਹੋਣ ਉਸ ਦਾ ਧਰਮ ਵੀ ਠੀਕ ਹੋਵੇ । ਇਸ ਦਾ ਕਾਰਣ ਇਹ ਹੈ ਕਿ ਰੱਬ ਦੀ ਇਛੱਾ ਮਨੁੱਖ ਨੂੰ ਆਪਣੇ ਵੱਲ ਲਿਆਉਣ ਦੀ ਹੈ, ਇਹੋ ਮਨੁੱਖੀ ਜਨਮ ਦਾ ਮੰਤਵ ਹੈ । ਇਸ ਲਈ ਉਸ ਨੇ ਆਚਰਣ ਦੀ ਦਰੁਸਤੀ ਅਤੇ ਭੌਤਕ ਤਰੱਕੀ ਨੂੰ ਧਰਮ ਦੇ ਪੈਰ੍ਹੋ ਕਰ ਦਿੱਤਾ ਤਾਂ ਜੋ ਉਸ ਵੱਲ ਧਿਆਨ ਕਰੇ ਉਸ ਨੂੰ ਬਾਕੀ ਸਭ ਕੁਝ ਆਪ ਹੀ ਆਪ ਮਿਲ ਜਾਵੇ । ਰੱਬ ਫ਼ਰਮਾਉਦਾ ਹੈ ਕਿ ਕਾਮਲ ਮੋਮਨ ਨੂੰ ਸਾਰੀਆਂ ਤਰੱਕੀਆਂ ਪ੍ਰਾਪਤ ਹੁੰਦੀਆਂ ਹਨ ਪਰ ਜੋ ਕੇਵਲ ਦੁਨੀਆਦਾਰ ਹੋਣ ਉਹਨਾਂ ਬਾਰੇ ਰੱਬ ਫ਼ਰਮਾਉਂਦਾ ਹੈ ਕਿ (ضل سعيهم في الحيوة الدنيا) "ਜ਼ਲੱਾ ਸਾਯੁਹਿਮ ਫ਼ਿਲ ਹਯਾਤਿੱਦੁਨੀਆ" ਉਹਨਾਂ ਦੇ ਸਾਰੇ ਜਤਨ ਦੁਨੀਆ ਵਿੱਚ ਹੀ ਗਾਇਬ ਹੋ ਜਾਂਦੇ ਹਨ । ਹਜ਼ਰਤ ਮੁਸਲਿਹ ਮਊਦ ਇਸ ਦੀ ਉਧਾਰਣ ਦਿੰਦਿਆਂ ਹੋਇਆ ਫ਼ਰਮਾਉਂਦੇ ਹਨ ਕਿ ਸੰਭਵਤਾ ਰੂਹਾਨੀਯਤ ਨੂੰ ਕਬੂਲ ਕਰਨ ਵਾਲੇ ਲਈ ਅਰਥਾਤ ਪੱਰੋਂ ਹੇਠਾਂ ਆਉਣ ਲਈ ਪੌੜ੍ਹੀ ਮੌਜੂਦ ਹੈ ਪਰ ਹੇੱਠੋ ਉਪੱਰ ਜਾਣ ਲਈ ਵਾਲੇ ਲਈ ਪੌੜ੍ਹੀ ਮੌਜੂਦ ਨਹੀਂ ਹੈ ।

ਸੋ, ਮਲੂਮ ਹੋਇਆ ਕਿ ਦੁਨੀਆ ਵਿੱਚ ਤਿੰਨਾ ਕੰਮਾ ਦੀ ਪ੍ਰਾਪਤੀ ਲਈ ਵੱਖ ਵੱਖ ਸਾਧਨ ਹਨ ਪਰ ਇਕ ਸਾਧਨ ਸਾਂਝਾ ਵੀ ਹੈ ਅਤੇ ਉਹ ਰੱਬ ਨਾਲ ਕਾਮਲ ਸੰਬੰਧ ਪੈਦਾ ਕਰਨਾ ਹੈ । ਆਚਰਣਾਂ ਲਈ ਜਤਨ ਕਰਨ ਨਾਲ ਆਚਰਣ ਮਿਲ ਜਾਣ ਗੇ, ਭੌਤਿਕਤਾ ਲਈ ਜਤਨ ਕਰਨ ਨਾਲ ਭੌਤਕ ਧੰਨ ਮਾਲ ਮਿਲ ਜਾਵੇਗਾ, ਸੰਸਾਰਕ ਤਰੱਕੀ ਮਿਲ ਜਾਏਗੀ, ਪਰ ਹਰ ਇਕ ਦੇ ਜਤਨਾ ਦਾ ਸਿੱਟਾ ਉਸਦੇ ਘੇਰੇ ਅੰਦਰ ਰਹੇਗਾ ਉਸ ਤੋਂ ਬਾਹਰ ਨਹੀਂ ਨਿਕਲੇਗਾ । ਪਰ ਰੂਹਾਨੀਯਤ (ਆਤਮਾ) ਦੀ ਦੁਰਸਤੀ ਕਰਨ ਵਾਲਿਆਂ ਨੂੰ ਸਾਰੀਆਂ ਚੀਜਾਂ ਮਿਲ ਜਾਣਗੀਆਂ । ਜੇਕਰ ਮਨੁੱਖ ਰੱਬ ਵੱਲ ਚੱਲ ਪਏ ਤਾਂ ਉਸ ਨਾਲ ਵੀ ਜਿਵੇਂ ਕਿ ਪਹਿਲਿਆਂ ਨਾਲ ਮਾਮਲਾ ਹੋਇਆ ਹੈ ਓਸ ਨਾਲ ਵੀ ਹੋਵੇ ਗਾ, ਇਸ ਜੁੱਗ ਵਿੱਚ ਵੀ ਹੋ ਸਕਦਾ ਹੈ । ਪਰ ਮਨੁੱਖ

ਵਾਸਤਵ ਵਿੱਚ ਇਸ ਦਾ ਜਤਨ ਕਰੇ ਫਿਰ ਹੀ ਇਹ ਹੋਵੇਗਾ । ਰੱਬ ਦੀ ਕਿਸੇ ਨਾਲ ਦੁਸ਼ਮਣੀ ਨਹੀਂ ਹੈ, ਲੋੜ ਇਸ ਗੱਲ ਦੀ ਹੈ ਅਸੀਂ ਕਾਮਲ ਤੌਰ'ਤੇ ਆਪਣੇ ਆਪ ਨੂੰ ਰੱਬ ਅੱਗੇ ਪਾ ਦੇਈਏ । ਉਸ ਦੇ ਦਰ'ਤੇ ਆਪਣੇ ਆਪ ਨੂੰ ਡਿਗਾ ਦੇਈਏ ਤਾਂ ਆਪ ਹੀ ਆਪ ਸਭ ਕੁਝ ਹਾਸਲ ਹੋ ਜਾਵੇਗਾ । ਜੋ ਤਰੱਕੀ ਸਾਡੇ ਲਈ ਜ਼ਰੂਰੀ ਹੈ ਆਪ ਹੀ ਆਪ ਸਾਨੂੰ ਮਿਲ ਜਾਏਗੀ । ਇਕ ਸਾਧਾਰਣ ਉਧਾਰਣ ਹੈ ਕਿ ਅੱਗ ਦੇ ਕੋਲ ਬਹਿਣ ਨਾਲ ਸਾਰੇ ਅੰਗ ਗਰਮ ਹੋ ਜਾਂਦੇ ਹਨ ਤਾਂ ਇਹ ਕਿਵੇਂ ਸੰਭਵ ਹੈ ਕਿ ਇਹ ਸਭ ਕੁਝ ਛੱਡ ਕੇ ਰੱਬ ਕੋਲ ਮਨੁੱਖ ਆਏ ਅਤੇ ਰੱਬ ਦੀਆਂ ਮਿਹਰਾਂ ਤੋਂ ਹਿਸੱਾ ਨ ਲਏ । ਇਸ ਲਈ ਸਾਨੂੰ ਜਤਨ ਕਰਨਾ ਚਾਹੀਦਾ ਹੈ ਕਿ ਰੱਬ ਦੀਆਂ ਮਿਹਰਾਂ ਨੂੰ ਹਾਸਲ ਕਰੀਏ । ਰੱਬ ਦੇ ਭੇਜੇ ਹੋਏ ਧਰਮ ਦੀ ਵਾਸਤਵਿਕਤਾ ਨੂੰ ਸਮਝੀਏ ਅਤੇ ਰੱਬ ਦੇ ਪ੍ਰੇਮ ਨੂੰ ਇਕ ਅਜਿਹੀ ਚੀਜ ਬਣਾਈਏ ਜੋ ਸੁਭਾਵਕ ਚੀਜ ਬਣ ਜਾਵੇ ਅਤੇ ਇਹੋ ਚੀਜ ਸਾਡੇ ਆਚਰਣ ਦੇ ਉੱਚੇ ਮਾਪਦੰਡ ਕਾਇਮ ਕਰਨ ਵਾਲੀ ਹੋਵੇਗੀ ਅਤੇ ਸੰਸਾਰਕ ਤਰੱਕੀਆਂ ਵੀ ਅਸੀਂ ਪ੍ਰਾਪਤ ਕਰਦੇ ਜਾਵਾਂਗੇ । ਰੱਬ ਦੇ ਨੂਰ ਰਾਹੀਂ ਜੇਕਰ ਅਸੀਂ ਹਿਸੱਾ ਲੈਣ ਦਾ ਜਤਨ ਕਰਾਂਗੇ ਤਾਂ ਹੀ ਅਸੀਂ ਹਕੀਕਤ ਵਿੱਚ ਫ਼ੈਜ਼ ਪਾ ਸਕਦੇ ਹਾਂ । ਜੱਦ ਅਸੀਂ ਇਕ ਲਗਨ ਨਾਲ ਇਸ ਨੂਰ ਦਾ ਹਿਸੱਾ ਲੈਣ ਦਾ ਜਤਨ ਕਰਾਂਗੇ ਤਾਂ ਝੂਠ ਜੋ ਹਨ੍ਹੇਰਾ ਹੈ ਉਹ ਵੀ ਆਪਣੇ ਆਪ ਵੱਖ ਹੋ ਜਾਵੇਗਾ । ਸੁਸਤੀ, ਫ਼ਰੇਬ, ਧੋਖਾ ਅਤੇ ਹੋਰਨਾ ਜੋ ਬੁਰਾਈਆਂ ਹਨ ਦੂਜਿਆਂ ਦੇ ਹੱਕ ਮਾਰਨੇ ਇਹ ਸਭ ਜ਼ੁਲਮ ਹਨ ਇਹ ਵੀ  ਆਪਣੇ ਆਪ ਦੂਰ ਹੋ ਜਾਣਗੇ ਰੱਬ ਦੇ ਨੂਰ ਦੇ ਸਬਬ । ਸਾਡੇ ਆਚਰਣ ਵੀ ਉੱਚੇ ਤੋਂ ਉੱਚੇ ਹੁੰਦੇ ਜਾਣਗੇ ਅਤੇ ਦੁਨੀਆਵੀ ਤਰੱਕੀਆਂ ਵੀ ਮਿਲਦੀਆਂ ਰਹਿਣਗੀਆਂ । ਇਸ ਲਈ ਇਸ ਸਮਾਜ ਵਿੱਚ ਰਹਿੰਦਿਆਂ ਹੋਇਆਂ ਆਪਣੀਆਂ ਨਸਲਾਂ ਨੂੰ ਜੇਕਰ ਸੰਸਾਰਕ ਕੁਪ੍ਰਭਾਵਾਂ ਤੋਂ ਬਚਾਉਂਣਾ ਹੈ ਧਰਮ ਅਤੇ ਆਚਰਣ ਦਾ ਜੋੜ ਉਹਨਾਂ ਨੂੰ ਸਮਝਾਉਂਣਾ ਹੈ ਸੰਸਾਰਕ ਤਰੱਕੀ ਨੂੰ ਵੀ ਹਕੀਕੀ ਧਰਮ ਦੀ ਪੈਰ੍ਹਵੀ ਹੇਠ ਸਾਬਤ ਕਰਕੇ ਉਹਨਾਂ ਨੂੰ ਧਰਮ ਨਾਲ ਜੋੜਨਾ ਹੈ ਅਰਥਾਤ ਉਹਨਾਂ ਦੀਆਂ ਨਸਲਾਂ ਨੂੰ ਤਾਂ ਸਾਨੂੰ ਰੱਬ ਨਾਲ ਹਕੀਕੀ ਸੰਬੰਧ ਜੋੜਨ ਲਈ ਸਨੂੰ ਆਪ ਵੀ ਜਤਨ ਕਰਨੇ ਚਾਹੀਦੇ ਹਨ । ਅਲੱਾਹ ਤਆਲਾ ਸਾਨੂੰ ਇਸ ਦਾ ਸੰਜੋਗ ਪ੍ਰਦਾਨ ਕਰੇ ।

★★★★★


**Khulasa Khutba 24.04.2015**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)


Toll Free Shoba Noorul Islam-1800-3010-2131